**Lang. Code : 15**

इस पुस्तिका में **20** पृष्ठ हैं ।
This booklet contains **20** pages.

# AAT-20-I

**प्रश्न-पत्र I / PAPER I**
**पंजाबी भाषा परिशिष्ट**
**Punjabi Language Supplement**
**भाग IV & V / PART IV & V**

**परीक्षा पुस्तिका संकेत**
**Test Booklet Code**

**I**

**परीक्षा पुस्तिका संख्या**
**Test Booklet No.**

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **I** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ**-2 एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा I - (पंजाबी) (प्र. 91 से प्र. 120)
   भाग-V : भाषा II - (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **I**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language I - (Punjabi) (Q. 91 to Q. 120)
   Part-V : Language II - (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :
अनुक्रमांक : (अंकों में) ____________________
Roll Number : in figures
: (शब्दों में) ____________________
: in words
परीक्षा केन्द्र (बड़े अक्षरों में) : ____________________
Centre of Examination (in Capitals) :
परीक्षार्थी के हस्ताक्षर : ____________ निरीक्षक के हस्ताक्षर : ____________
Candidate's Signature : Invigilator's Signature :
Facsimile signature stamp of
Centre Superintendent ____________________

I

**Lang. Code : 15**

# AAT-20-I

ਪਰੀਖਿਆ ਪੁਸਤਿਕਾ ਸੰਕੇਤ

**I**

**ਇਸ ਪੁਸਤਿਕਾ ਵਿੱਚ 20 ਪੰਨੇ ਹਨ ।**

## ਪੇਪਰ I
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**
**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ ।**
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **I**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖਤ : ______________

Facsimile signature stamp of
Centre Superintendent : ______________________

ਉਮੀਦਵਾਰ **ਭਾਗ-IV** ਦੇ ਪ੍ਰਸ਼ਨ (ਪ੍ਰ.ਨੰ. **91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120],** if they have opted **PUNJABI** as **LANGUAGE – I** only.

## ਭਾਗ – IV
## ਭਾਸ਼ਾ – I
## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

**ਨਿਰਦੇਸ਼ :** **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 91 ਤੋਂ 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਆਰੀਆ ਜਾਤੀ ਦੀਆਂ ਅਨੇਕ ਧਾਰਮਿਕ ਰਸਮਾਂ ਅਤੇ ਪੂਜਾ ਵਿਧੀਆਂ ਦਾ ਮੂਲ ਦਰਾਵੜ ਜਾਤੀ ਨਾਲ ਜੁੜਦਾ ਹੈ । ਮਹਾਂ ਭਾਰਤ ਤੇ ਰਮਾਇਣ ਵਿਚ ਦਰਾਵੜੀ ਵੇਦ ਦੀਆਂ ਅਨੇਕਾਂ ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਵਿਚ ਰੁੱਖ, ਪੰਛੀ, ਨਾਗ, ਮੋਰ, ਬਾਂਦਰ, ਗਊ, ਸਾਨ੍ਹ, ਲਿੰਗ–ਯੋਨੀ, ਪਹਾੜ, ਦਰਿਆ ਤੇ ਫੁੱਲਾਂ ਦੀ ਪੂਜਾ ਦਾ ਵਿਸਥਾਰ ਮਿਲਦਾ ਹੈ । ਜਿਹੜੀਆਂ ਨਿਰੋਲ ਦਰਾਵੜੀ ਹਨ । ਆਵਾਗਵਣ ਜਾਂ ਕਰਮ ਦਾ ਸੰਕਲਪ ਵੀ ਰਿਗ ਵੇਦ ਨਾਲ ਨਹੀਂ ਮਿਲਦਾ । ਦਰਾਵੜਾਂ ਦਾ ਵਿਸ਼ਵਾਸ ਸੀ ਕਿ ਮੌਤ ਮਗਰੋਂ ਰੂਹਾਂ ਰੁੱਖਾਂ, ਪੰਛੀਆਂ ਜਾਂ ਡੰਗਰਾਂ ਵਿੱਚ ਚਲੀਆਂ ਜਾਂਦੀਆਂ ਹਨ । ਆਰੀਆ ਜਾਤੀ ਨੇ ਇਸ ਸੰਕਲਪ ਨੂੰ ਜ਼ਰਾ ਸੋਧ ਕੇ ਇਹ ਧਾਰਨਾ ਅਪਣਾਈ ਕਿ ਰੂਹ ਪਿਛਲੇ ਜਨਮ ਦੇ ਅਮਲਾਂ ਦੀ ਰਿਆਇਤ ਨਾਲ ਨਵਾਂ ਸਰੀਰ ਅਪਣਾਉਂਦੀ ਹੈ । ਸ਼ਿਵ ਦਰਾਵੜਾਂ ਦਾ ਹੀ ਦੇਵਤਾ ਮੰਨਿਆ ਜਾਂਦਾ ਹੈ । ਵਿਸ਼ਨੂੰ ਵੀ ਦਰਾਵੜਾਂ ਦੇ ਅਸਮਾਨ ਦੇ ਦੇਵਤੇ ਅਤੇ ਆਰੀਆ ਦੇ ਸੂਰਜ ਦੇਵਤਾ ਦੀ ਸਾਂਝੀ ਸੂਰਤ ਹੈ । ਉਸ ਦਾ ਅਵਤਾਰ ਕ੍ਰਿਸ਼ਨ ਵੀ ਦਰਾਵੜਾਂ ਦਾ ਹੀ ਦੇਵਤਾ ਮੰਨਿਆ ਜਾਂਦਾ ਹੈ । ਕਾਲੀ ਦੇਵੀ ਦਰਾਵੜਾਂ ਦੀ ਮਹਾਂ ਮਈਆ ਸੀ ।

**91. 'ਆਵਾਗਵਣ' ਵਿਚ ਕੌਣ ਵਿਸ਼ਵਾਸ ਕਰਦਾ ਹੈ ?**

(1) ਮੁਸਲਮਾਨ

(2) ਇਸਾਈ

(3) ਇਸਲਾਮ

(4) ਦਰਾਵੜ

**92. ਪੈਰੇ ਅਨੁਸਾਰ ਦਰਾਵੜਾਂ ਦੀ ਮਹਾਨ ਦੇਵੀ ਦਾ ਦਰਜ਼ਾ ਕਿਸ ਨੂੰ ਹਾਸਲ ਹੈ ?**

(1) ਕਾਲੀ ਦੇਵੀ ਨੂੰ

(2) ਵਿਸ਼ਨੂੰ ਨੂੰ

(3) ਕ੍ਰਿਸ਼ਨ ਨੂੰ

(4) ਸ਼ਿਵ ਨੂੰ

**93. ਦਰਖ਼ਤਾਂ ਜਾਂ ਜਾਨਵਰਾਂ ਵਿਚ ਕੀ ਚਲਿਆ ਜਾਂਦਾ ਹੈ ?**

(1) ਖ਼ੂਨ

(2) ਆਤਮਾ

(3) ਆਕਸੀਜਨ

(4) ਪਾਣੀ

**94.** ਹੇਠ ਲਿਖਿਆਂ ਵਿਚੋਂ 'ਰੁੱਖ' ਦਾ ਸਮਾਨਾਰਥੀ ਸ਼ਬਦ ਚੁਣੋ :

(1) ਕੁੱਖ

(2) ਦਰਿਆ

(3) ਡੰਗਰ

(4) ਦਰੱਖ਼ਤ

**95.** 'ਦਰਾਵੜਾਂ ਦੇ ਅਨੇਕਾਂ ਦੇਵਤੇ ਮੰਨੇ ਜਾਂਦੇ ਹਨ।' ਵਾਕ ਵਿਚ 'ਅਨੇਕਾਂ' ਸ਼ਬਦ ਕਿਹੜਾ ਪੜਨਾਂਵ ਹੈ ?

(1) ਨਿਸ਼ਚੇ-ਵਾਚਕ ਪੜਨਾਂਵ

(2) ਨਿੱਜ-ਵਾਚਕ ਪੜਨਾਂਵ

(3) ਅਨਿਸ਼ਚੇ-ਵਾਚਕ ਪੜਨਾਂਵ

(4) ਸੰਬੰਧ-ਵਾਚਕ ਪੜਨਾਂਵ

**96.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਰਿਆਇਤ ਨਾਲ

(2) ਲਿੰਗ-ਯੋਨੀ

(3) ਨਵਾਂ-ਸ਼ਰੀਰ

(4) ਕਾਲੀ-ਦੇਵੀ

**97.** 'ਜੁੜਦਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :

(1) ਮਿਲਦਾ

(2) ਚਿਪਕਦਾ

(3) ਗੰਢਦਾ

(4) ਟੁੱਟਦਾ

**98.** ਦਰਾਵੜੀ ਵੇਦ ਦੀਆਂ ਕਹਾਣੀਆਂ ਕਿਸ ਵਿਚ ਮਿਲਦੀਆਂ ਹਨ ?

(1) ਰਾਮਾਇਣ

(2) ਕੁਰਾਣ

(3) ਬਾਈਬਲ

(4) ਜਾਤਕ ਕਥਾਵਾਂ

**99.** ਆਰੀਆ ਜਾਤੀ ਦੀਆਂ ਕਈ ਧਾਰਮਿਕ ਰਸਮਾਂ ਤੇ ਪੂਜਾ ਵਿਧੀਆਂ ਕਿਸ ਨਾਲ ਮਿਲਦੀਆਂ ਹਨ ?

(1) ਵਿਦੇਸ਼ੀ ਲੋਕਾਂ ਨਾਲ

(2) ਦਰਾਵੜਾਂ ਨਾਲ

(3) ਕੈਨੇਡਾ ਵਾਸੀਆਂ ਨਾਲ

(4) ਆਫ਼ਰੀਕੀ ਲੋਕਾਂ ਨਾਲ

**ਨਿਰਦੇਸ਼ : ਹੇਠ ਲਿਖੀ ਕਾਵਿ–ਟੁੱਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 100 ਤੋਂ 105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਕਾਨੀ ਸਮੇਂ ਦੀ ਸਦਾ ਹੀ ਰਹੀ ਲਿਖਦੀ

ਖ਼ੂਨੀਂ ਪੱਤਰੇ ਪਿਆਰ ਦੀ ਬੀੜ ਵਾਲੇ ।

ਪੱਛੀ ਹੋਈ ਏ ਜ਼ਿਮੀ ਦੀ ਪਿੱਠ ਸਾਰੀ

ਖੁਰੇ ਡਾਚੀ ਦੇ ਅੱਜ ਨਾਸੂਰ ਹੋ ਗਏ ।

ਵਣਜਾ ਵਾਲਿਆਂ ਨੇ ਕੱਚੇ ਵਣਜ ਕੀਤੇ

ਪਾਣੀ ਛੱਲਾਂ ਦੇ ਨਾਲ ਭਰਪੂਰ ਹੋ ਗਏ ।

ਕੈਦੋਂ ਸਮੇਂ ਦੇ ਹੋਰ ਵੀ ਹੋਏ ਡਾਢੇ

ਚਾਕ ਸਮੇਂ ਦੇ ਹੋਰ ਵੀ ਮਜਬੂਰ ਹੋ ਗਏ ।

ਪੈਂਡੇ ਤਖ਼ਤ ਹਜ਼ਾਰਿਓਂ ਝੰਗ ਵਾਲੇ

ਹੁੰਦੇ ਹੁੰਦੇ ਅੱਜ ਹੋਰ ਵੀ ਦੂਰ ਹੋ ਗਏ ।

**100. ਕਿਸ ਦੀ ਮਜਬੂਰੀ ਹੋਰ ਵਧ ਗਈ ?**

(1) ਚਾਕ ਦੀ

(2) ਕੈਦੋਂ ਦੀ

(3) ਕਵੀ ਦੀ

(4) ਡਾਚੀ ਦੀ

**101. ਉਪਰੋਕਤ ਸਤਰਾਂ ਅਨੁਸਾਰ ਤਖਤ ਹਜ਼ਾਰੇ ਤੇ ਝੰਗ ਵਿਚਕਾਰ ਕਿਹੜੀ ਚੀਜ਼ ਵਿਚ ਵਾਧਾ ਹੋ ਗਿਆ ?**

(1) ਵਣਜ ਵਿਚ

(2) ਮੱਝਾ ਚਾਰਨ ਵਿਚ

(3) ਪਾਣੀ ਵਿਚ

(4) ਦੂਰੀ ਵਿਚ

**102. 'ਡਾਢੇ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :**

(1) ਸਖ਼ਤ

(2) ਨਰਮ

(3) ਗੁੱਸੇਖ਼ੋਰ

(4) ਅੜਬ

**103. 'ਸਦਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :**

(1) ਹਮੇਸ਼ਾ

(2) ਕਦੇ–ਕਦੇ

(3) ਰੁਕ–ਰੁਕ ਕੇ

(4) ਨਾਗਾ ਪਾ ਕੇ

**104. ਇਹ ਸਤਰਾਂ ਅਮ੍ਰਿਤਾ ਪ੍ਰੀਤਮ ਦੀ ਕਿਹੜੀ ਕਵਿਤਾ ਵਿਚੋਂ ਲਈਆ ਗਈਆਂ ਹਨ ?**

(1) ਮੈਂ ਗੀਤ ਲਿਖਦੀ ਹਾਂ

(2) ਸਾਨੂੰ ਮਿਲੀ ਜਾਣਾ ਹੋ

(3) ਸੁਨੇਹੜੇ

(4) ਸੰਯੋਗ ਵਿਯੋਗ

**105. ਉਪਰੋਕਤ ਕਵਿਤਾ ਵਿਚ 'ਡਾਚੀ' ਤੋਂ ਕੀ ਭਾਵ ਹੈ ?**

(1) ਘੋੜੀ

(2) ਮੱਝ

(3) ਊਠਣੀ

(4) ਖੱਚਰ

**ਨਿਰਦੇਸ਼ :** ਹੇਠ ਲਿਖੇ ਪ੍ਰਸ਼ਨਾਂ ਦਾ ਬਹੁਤ ਹੀ ਢੁੱਕਵੇਂ ਵਿਕਲਪਾਂ ਦੀ ਚੋਣ ਕਰਕੇ ਉੱਤਰ ਦਿਉ :

**106. ਹੇਠ ਲਿਖਿਆਂ ਵਿੱਚ ਕਿਹੜਾ ਵਿਆਕਰਨ ਪੜ੍ਹਾਉਣ ਲਈ ਇਕ ਅਸਰਦਾਰ ਢੰਗ ਹੈ ?**

(1) ਉਦਾਹਰਣਾਂ ਦੇਣ ਉਪਰੰਤ ਵਿਆਕਰਨ ਦੇ ਨੇਮ ਪੜ੍ਹਾਉਣਾ ।

(2) ਪਾਠ ਦਾ ਅਨੁਵਾਦ ਕਰਦਿਆਂ ਵਿਆਕਰਨ ਦੇ ਨੇਮ ਪੜ੍ਹਾਉਣਾ ।

(3) ਵਿਆਕਰਨ ਦੀ ਇਕ ਵਿਸ਼ੇਸ਼ ਪੁਸਤਕ ਦੀ ਵਰਤੋਂ ਨਾਲ ਵਿਆਕਰਨ ਪੜ੍ਹਾਉਣਾ ।

(4) ਨੇਮਾਂ ਦੀ ਪੜਤਾਲ ਕਰਨ ਦੇ ਸੰਦਰਭ ਵਿਚ ਵਿਆਕਰਨ ਪੜ੍ਹਾਉਣਾ ।

**107. 'ਸਮਾਜਕ ਸੰਪਰਕ' ਦਾ ਸੰਕਲਪ _____ ਨਾਲ ਸੰਬੰਧਤ ਹੈ ।**

(1) ਪਾਨਿਨੀ / Panini

(2) ਸਕਿੱਨਰ / Skinner

(3) ਵਿਉਤਾਸਕੀ / Vygotsky

(4) ਕੋਲਬਰਗ / Kohlberg

**108. ਹੇਠ ਲਿਖੀਆਂ ਵਿਚੋਂ ਕਿਹੜੀ ਬੱਚਿਆਂ ਨੂੰ ਭਾਸ਼ਾ ਗ੍ਰਹਿਣ ਕਰਨ ਵਿਚ ਸਹਾਇਕ ਹੁੰਦੀ ਹੈ ?**

(1) ਇਕ ਘਰੇਲੂ ਵਾਤਾਵਰਣ ਜਿੱਥੇ ਬੱਚੇ ਨੂੰ ਵਧੇਰੇ ਬੋਲਣ ਦੀ ਆਗਿਆ ਨਹੀਂ ਦਿੱਤੀ ਜਾਂਦੀ ।

(2) ਬਲਗਾਂ ਦੀ ਗੱਲਬਾਤ ਨੂੰ ਘਰ ਅਤੇ ਚੌਗਿਰਦੇ ਵਿਚ ਸੁਣਨਾ ।

(3) ਬੱਚਿਆਂ ਨੂੰ ਵਾਕਾਂ ਦੇ ਸਹੀ ਉਚਾਰਨ ਨੂੰ ਦੁਹਰਾਉਣ ਲਈ ਕਹਿਣਾ ।

(4) ਦੂਜੇ ਬੱਚਿਆਂ ਨਾਲ ਖੇਡਣਾ ।

**109. ਬੱਚੇ ਕੁਦਰਤੀ ਤੌਰ 'ਤੇ ਭਾਸ਼ਾ ਗ੍ਰਹਿਣ ਕਰਦੇ ਹਨ ਜੇਕਰ ਉਨ੍ਹਾਂ ਦੀ _____ ਤੱਕ ਰਸਾਈ ਹੋਵੇ ।**

(1) ਇੱਕੋ ਵੇਲੇ ਸਿਰਫ਼ ਇਕ ਭਾਸ਼ਾ

(2) ਇਕ ਤੋਂ ਵੱਧ ਭਾਸ਼ਾ ਜੋ ਫੌਰੀ ਮਹੌਲ ਵਿਚ ਮੌਜੂਦ ਹੋਵੇ

(3) ਸਿਰਫ ਬਿਜਲਈ ਤੇ ਪ੍ਰਿੰਟ ਮੀਡੀਆ

(4) ਉਸ ਭਾਸ਼ਾ ਦੀ ਵਿਆਕਰਣਕ ਬਣਤਰ

**110. ਹੇਠ ਲਿਖਿਆਂ ਵਿਚੋਂ ਕਿਹੜੀ ਇਕ ਪਾਠ ਦੀ ਪੜ੍ਹਤ ਬਾਰੇ ਸਭ ਤੋਂ ਵੱਖ ਮਹੱਤਵਪੂਰਨ ਹੈ ?**

(1) ਪਾਠ ਦੇ ਹਰੇਕ ਸ਼ਬਦ ਨੂੰ ਪੜ੍ਹਨਾ ।

(2) ਵਿਰਾਮ ਚਿਨ੍ਹਾਂ ਉਪਰ ਧਿਆਨ ਕੇਂਦ੍ਰਿਤ ਕਰਨਾ ।

(3) ਲਿਖਤ ਪਾਠ ਦਾ ਅਰਥ ਜਾਣਨਾ ।

(4) ਸ਼ੁੱਧ ਉਚਾਰਨ ਨਾਲ ਉਚੀ ਪੜ੍ਹਨਾ ।

**111. ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਦੇ ਅਧਿਆਪਨ ਦਾ ਉਦੇਸ਼ ਨਹੀਂ ਹੈ ?**

(1) ਸੂਝਬੂਝ ਨਾਲ ਪੜ੍ਹਨ ਦੀ ਯੋਗਤਾ

(2) ਕੋਸ਼ਿਸ਼ ਕਰਕੇ ਵਿਚਾਰਾਂ ਨੂੰ ਪ੍ਰਗਟਾਉਣਾ

(3) ਜੋ ਉਹ ਸੁਣਦੇ ਹਨ, ਉਸ ਨੂੰ ਸਮਝਣ ਦੀ ਸਮਰੱਥਾ

(4) ਤਰਕਸੰਗਤ ਲਿਖਤ ਦੀ ਸਿਰਜਣਾ

**112. ਧੁਨੀਆਤਮਕ ਜਾਣਕਾਰੀ ਬਹੁਤ ਜ਼ਿਆਦਾ _____ ਨਾਲ ਸੰਬੰਧਤ ਹੈ ।**

(1) ਸੁਣਨਯੋਗਤਾ

(2) ਬੋਲਯੋਗਤਾ

(3) ਪੜ੍ਹਨਯੋਗਤਾ

(4) ਲਿਖਣਯੋਗਤਾ

**113. ਨੌਮ ਚਾਮਸਕੀ ਦਾ ਮੰਨਣਾ ਹੈ ਕਿ ਭਾਸ਼ਾ ਲਈ ਬੱਚਿਆਂ ਕੋਲ _____ ਦੀ ਆਂਤਰਿਕ ਯੋਗਤਾ ਹੁੰਦੀ ਹੈ ।**

(1) ਗ੍ਰਹਿਣਸ਼ੀਲਤਾ

(2) ਨਕਲ

(3) ਪਰਿਵਰਤਣ / ਰੁਪਾਂਤਰਣ

(4) ਅਨੁਵਾਦ

**114. ਭਾਸ਼ਾਈ ਕੌਸ਼ਲਾਂ ਦੀ ਸਿੱਖਿਆ _____ ਰਾਹੀਂ ਦੇਣੀ ਚਾਹੀਦੀ ਹੈ ।**

(1) ਅਨੁਸਰਨ

(2) ਵਿਅਕਤੀਗਤ / ਇਕੱਲ

(3) ਵਿਆਖਿਆਨ

(4) ਸੰਗਠਿਤ ਢੰਗ

**115. ਇਕ ਅਧਿਆਪਕ ਸਿਖਾਦਰੂਆਂ ਨੂੰ ਚਿਤਰਕਾਰੀ ਤੇ ਰੰਗ ਭਰਨ ਲਈ ਪ੍ਰੇਰਿਤ ਕਰ ਰਿਹਾ ਹੈ । ਉਹ ……**

(1) ਜਮਾਤ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਸਿਖਿਆਰਥੀਆਂ ਨੂੰ ਪ੍ਰੇਰਿਤ ਕਰ ਰਿਹਾ ਹੈ ।

(2) ਚੰਗੀ ਮੋਟਰ ਸਕਿੱਲ ਵਿਕਸਿਤ ਕਰ ਰਿਹਾ ਹੈ ।

(3) ਬੱਚਿਆਂ ਦੀ ਨਵੀਂ ਪਨੀਰੀ ਦੇ ਕਲਾਕਾਰਾਂ ਨੂੰ ਥਾਂ ਦੇ ਰਿਹਾ ਹੈ ।

(4) ਵਿਦਿਆਰਥੀਆਂ ਨੂੰ ਇਕ ਕਾਰਜ ਵਿਚ ਲਗਾ ਰਿਹਾ ਹੈ ।

**116. ਹੇਠ ਲਿਖਿਆਂ ਵਿਚੋਂ ਕਿਹੜਾ ਅਭਿਆਸ ਜ਼ੁਬਾਨੀ ਭਾਸ਼ਾ ਕੌਸ਼ਲ ਵਿਕਸਿਤ ਕਰਨ ਵਿਚ ਸਭ ਤੋਂ ਵੱਧ ਸਹਾਇਕ ਹੋਵੇਗਾ।**

(1) ਵਿਅਕਤੀਗਤ ਅਤੇ ਸਮੂਹ ਵਿਚ ਕਵਿਤਾ ਦਾ ਗਾਇਣ

(2) ਕਿਸੇ ਭੂਮਿਕਾ ਨੂੰ ਨਿਭਾਉਣ ਵਿਚ ਹਿੱਸਾ ਲੈਣਾ

(3) ਅਧਿਆਪਕ ਦੇ ਪਿੱਛੇ ਪਿੱਛੇ ਪਾਠ-ਪੁਸਤਕ ਵਿਚਲੇ ਕਿਸੇ ਪਾਠ ਦੀ ਸਾਮੂਹਕ ਪੜ੍ਹਤ

(4) ਅਧਿਆਪਕ ਦੇ ਪਿੱਛੇ-ਪਿੱਛੇ ਸਮੂਹਕ ਰੂਪ ਵਿਚ ਸ਼ਬਦਾਂ ਦੇ ਸ਼ੁੱਧ ਉਚਾਰਣ ਦਾ ਅਭਿਆਸ

**117. ਤੀਜੀ ਜਮਾਤ ਦਾ ਇਕ ਅਧਿਆਪਕ ਵਿਦਿਆਰਥੀਆਂ ਨੂੰ ਅਧਿਆਏ ਵਿਚ ਦਿੱਤੀ ਕਹਾਣੀ ਦੇ ਯੋਗ ਕ੍ਰਮ ਅਨੁਸਾਰ ਤਰਤੀਬ ਦੇਣ ਲਈ ਕਹਿੰਦਾ ਹੈ। ਇਹ ਕਾਰਜ ____ ਵਿਚ ਮਦਦਗਾਰ ਹੋਵੇਗਾ।**

(1) ਸੂਝਬੂਝ ਨਾਲ ਪੜ੍ਹਨ

(2) ਬੁੱਧੀਸੰਗਤ ਇਨਪੁੱਟ

(3) ਉਨ੍ਹਾਂ ਦਾ ਲੇਖਣ ਕੌਸ਼ਲ ਵਧਾਉਣ

(4) ਵਿਦਿਆਰਥੀਆਂ ਦੇ ਗੱਲਬਾਤ ਦੇ ਸਮੇਂ ਨੂੰ ਵਧਾਉਣਾ

**118. ਦੂਜੀ ਜਮਾਤ ਦੀ ਇਕ ਅਧਿਆਪਕ ਨੇ ਜਮਾਤ ਦੇ ਕਮਰੇ ਵਿੱਚ ਵਸਤਾਂ ਉੱਪਰ ਨਾਂ ਲਿਖ ਕੇ ਰੱਖੇ ਹਨ। ਇਸ ਨਾਲ ਵਿਦਿਆਰਥੀਆਂ ਦੀ ਇਕ ਅਸਲੀ ਵਸਤੂ ਨੂੰ ਲਿਖਤੀ ਸ਼ਬਦ ਨਾਲ ਮਿਲਾਣ ਕਰਨ ਵਿਚ ਮਦਦ ਮਿਲੇਗੀ। ਇਸ ਕਾਰਜ ਰਾਹੀਂ ਵਿਦਿਆਰਥੀਆਂ ਨੂੰ ਉਹਨਾਂ ਦੀ _____ ਸਮਰਿੱਧ ਕਰਨ ਵਿਚ ਵੀ ਸਹਾਇਤਾ ਮਿਲੇਗੀ।**

(1) ਵਿਆਕਰਣ

(2) ਲੇਖਣ ਕੌਸ਼ਲ

(3) ਸ਼ਬਦਾਵਲੀ

(4) ਲਿਖਾਈ

**119. ਹੇਠ ਲਿਖਿਆਂ ਵਿਚੋਂ ਕਿਹੜਾ ਇਕ ਬੱਚੇ ਦੀ ਭਾਸ਼ਾਈ ਸਮਰੱਥਾ ਦਾ ਆਂਕਲਣ ਕਰਨ ਵਿਚ ਘੱਟ ਅਸਰਦਾਰ ਹੈ ?**

(1) ਕਹਾਣੀ ਸੁਣਾਉਣੀ

(2) ਕਹਾਣੀ ਲੇਖਣ

(3) ਕਿਸੇ ਘਟਨਾ ਦਾ ਵੇਰਵਾ

(4) ਸੁਲੇਖ

**120. ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਸ਼ਨ ਵਿਦਿਆਰਥੀਆਂ ਵਿੱਚ ਭਾਸ਼ਾਈ ਯੋਗਤਾ ਵਧਾਉਣ ਲਈ ਵਧੇਰੇ ਸਹਾਇਕ ਹੈ ?**

(1) ਆਪਣੀਆਂ ਮਨ-ਪਸੰਦ ਕਿਤਾਬਾਂ ਦੇ ਨਾਂ ਦੱਸੋ।

(2) 'ਪਹਿਲ' ਸ਼ਬਦ ਦੀ ਵਰਤੋਂ ਕਰਦੇ ਹੋਏ ਇਕ ਵਾਕ ਬਣਾਉ।

(3) ਤੁਹਾਡੇ ਅਤੇ ਤੁਹਾਡੀ ਮਾਂ ਵਿਚਕਾਰ ਇਕ ਸੰਵਾਦ ਲਿਖੋ।

(4) ਤੁਹਾਡੇ ਵੱਲੋਂ ਪੜ੍ਹੀ ਗਈ ਕਵਿਤਾ ਦੇ ਕਵੀ ਦਾ ਨਾਂ ਲਿਖੋ।

ਉਮੀਦਵਾਰ **ਭਾਗ-V** (ਪ੍ਰ.ਨੰ. **121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150],** if they have opted **PUNJABI** as **LANGUAGE – II** only.

# ਭਾਗ – V

## ਭਾਸ਼ਾ – II

## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ. ਨੰ. 121 ਤੋਂ 128) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਪੰਜਾਬੀ ਗ਼ਜ਼ਲ ਪੰਜਾਬੀ ਸਾਹਿਤ ਦਾ ਮਾਣਯੋਗ ਅੰਗ ਬਣ ਚੁੱਕੀ ਹੈ । ਪੰਜਾਬੀ ਵਿਚ ਕਾਫ਼ੀ ਗ਼ਜ਼ਲਕਾਰ ਹਨ । ਥੋੜ੍ਹੇ ਬਹੁਤੇ ਫ਼ਰਕ ਨਾਲ ਇਹ ਗ਼ਜ਼ਲਕਾਰ ਆਪਣੇ ਸ਼ਿਅਰ ਪ੍ਰਚੱਲਤ ਛੰਦਾਂ ਜਾਂ ਬਹਿਰਾਂ ਵਿਚ ਕਹਿੰਦੇ ਹਨ । ਜੋ ਵੀ ਸ਼ਾਇਰ ਗ਼ਜ਼ਲ ਲਿਖਦਾ ਹੈ, ਉਹ ਗ਼ਜ਼ਲ ਦੀਆਂ ਤਕਨੀਕੀ ਸ਼ਰਤਾਂ ਨੂੰ ਪੂਰਿਆਂ ਕਰਨ ਦਾ ਸੁਚੇਤ ਯਤਨ ਕਰਦਾ ਹੈ । ਪੰਜਾਬੀ ਦੇ ਪ੍ਰਤਿਭਾਵਾਨ ਸ਼ਾਇਰਾਂ ਨੇ ਗ਼ਜ਼ਲ ਦੇ ਰੂਪ ਵਿਧਾਨਿਕ ਦਾਇਰੇ ਵਿਚ ਰਹਿੰਦਿਆਂ ਇਸ ਵਿਚ ਗਿਣਾਤਮਿਕਤਾ ਦੇ ਨਾਲ–ਨਾਲ ਗੁਣਾਤਮਿਕਤਾ ਦਾ ਜ਼ਿਕਰਯੋਗ ਵਾਧਾ ਕੀਤਾ ਹੈ । ਕਈ ਵੱਡੇ ਸ਼ਾਇਰਾਂ ਨੇ ਸ਼ਿਅਰਕਾਰੀ ਦੀਆਂ ਕਰੜੀਆਂ ਬੰਦਿਸ਼ਾਂ ਅਤੇ ਇਸ ਦੇ ਛੰਦ / ਬਹਿਰ ਵਿਧਾਨ ਉੱਤੇ ਖਿਝ ਭਰੇ ਕਿੰਤੂ–ਪਰੰਤੂ ਵੀ ਕੀਤੇ ਪਰ ਪੰਜਾਬੀ ਵਿਚ ਓਹੀ ਗ਼ਜ਼ਲਕਾਰ ਸਫ਼ਲਤਾ ਤੇ ਪ੍ਰਸਿੱਧੀ ਪਾ ਸਕੇ, ਜਿਨ੍ਹਾਂ ਨੇ ਛੰਦ–ਬਹਿਰ ਅਤੇ ਗ਼ਜ਼ਲ ਦੇ ਹੋਰ ਅੰਗਾਂ ਨੂੰ ਸੁਚੇਤ ਪੱਧਰ ਉੱਤੇ ਨਿਭਾਇਆ । ਕੋਈ ਵੀ ਐਸਾ ਗ਼ਜ਼ਲਕਾਰ ਲੋਕਾਂ ਨੇ ਪ੍ਰਵਾਨ ਨਹੀਂ ਕੀਤਾ, ਜਿਹੜਾ ਇਸ ਦੇ ਰੂਪਾਕਾਰਕ ਘੇਰੇ ਤੋਂ ਬਾਗ਼ੀ ਹੋਵੇ । ਕਈ ਸ਼ਾਇਰਾਂ ਨੇ ਆਪਣੀ ਗ਼ਜ਼ਲ ਤਕਨੀਕ ਦੀ ਹੀਣਭਾਵਨਾ ਨੂੰ ਗ਼ਜ਼ਲ ਰੂਪਾਕਾਰ ਤੋਂ ਬਾਗ਼ੀ ਹੋਣ ਦੀ ਚੀਕ ਬੁਲਬੁਲੀ ਦਾ ਵੀ ਪ੍ਰਯੋਗ ਕੀਤਾ ਅਤੇ ਗ਼ਜ਼ਲ ਨੂੰ ਅਗ਼ਜ਼ਲ, ਗ਼ਜ਼ਲਾ ਅਤੇ ਖੁੱਲ੍ਹੀ ਗ਼ਜ਼ਲ ਲਿਖ ਕੇ ਆਪਣੀ ਖਿੱਲੀ ਉਡਵਾਈ । ਪਰੰਤੂ ਇਹ ਸਾਰੇ ਜਾਂ ਤਾਂ ਚੁੱਪ ਹੋ ਗਏ ਅਤੇ ਜਾਂ ਗ਼ਜ਼ਲ ਦੀ ਸਮਰਿੱਧ ਲਹਿਰ ਵਿਚ ਸ਼ਾਮਲ ਹੋ ਗਏ । ਅੱਜ ਕੋਈ ਗ਼ਜ਼ਲਕਾਰ ਇਹ ਦਾਅਵਾ ਨਹੀਂ ਕਰ ਰਿਹਾ ਕਿ ਉਹ ਗ਼ਜ਼ਲ ਦੇ ਵਿਧਾਨਕ ਤੇ ਦਾਇਰਾਗਤ ਸ਼ਿਲਪ ਜਗਤ ਤੋਂ ਬਾਗ਼ੀ ਹੈ । ਇਹ ਤੱਥ ਸਰਬਮਾਨਤ ਹੈ ਕਿ ਸ਼ਿਅਰ ਕਿਸੇ ਛੰਦ ਜਾਂ ਬਹਿਰ ਵਿਚ ਹੋਣਾ ਚਾਹੀਦਾ ਹੈ । ਗ਼ਜ਼ਲ ਵੀ ਓਹੀ ਗਿਣੀ ਜਾ ਸਕਦੀ ਹੈ, ਜਿਹੜੀ ਆਪਣੇ ਤਕਨੀਕੀ ਪੱਖ ਪੂਰੇ ਕਰਦੀ ਹੈ ।

**121. ਇਕ ਮੁਕੰਮਲ ਗ਼ਜ਼ਲ ਲਈ ਕੀ ਜ਼ਰੂਰੀ ਹੈ ?**

(1) ਤਕਨੀਕੀ ਪੱਖ

(2) ਸ਼ਿਲਪ ਜਗਤ ਤੋਂ ਬਾਗੀ ਹੋਣਾ

(3) ਤਕਨੀਕਹੀਣਤਾ

(4) ਛੰਦ–ਬਹਿਰ ਤੋਂ ਮੁਕਤੀ

**122. ਪੰਜਾਬੀ ਵਿਚ ਕਿਹੜੇ ਗ਼ਜ਼ਲਕਾਰ ਸਫ਼ਲ ਹੋਏ ?**

(1) ਗ਼ਜ਼ਲ ਦੀਆਂ ਬੰਦਿਸ਼ਾ ਦੀ ਨੁਕਤਾ ਚੀਨੀ ਕਰਨ ਵਾਲੇ

(2) ਛੰਦ–ਬਹਿਰ ਤੋਂ ਬਾਗੀ ਹੋਣ ਵਾਲੇ

(3) ਗ਼ਜ਼ਲ ਦੇ ਵਿਧਾਨ ਨੂੰ ਮੰਨਣ ਵਾਲੇ

(4) ਸ਼ਿਲਪ ਜਗਤ ਦੀ ਪ੍ਰਵਾਹ ਨਾ ਕਰਨ ਵਾਲੇ

**123. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :**

(1) ਪੰਜਾਬੀ ਗ਼ਜ਼ਲ : ਰੂਪ ਵਿਧਾਨ

(2) ਪੰਜਾਬੀ ਸਾਹਿਤ

(3) ਹੀਣ ਭਾਵਣਾ

(4) ਗੁਣਾਤਮਿਕਤਾ

**124. 'ਸ਼ਾਇਰ' ਸ਼ਬਦ ਦਾ ਇਸਤਰੀ ਲਿੰਗ ਚੁਣੋ :**

(1) ਸ਼ਾਇਰਾਨਾ

(2) ਸ਼ਾਇਰੀ

(3) ਕਵੀ

(4) ਸ਼ਾਇਰਾ

**125. ਹੇਠ ਲਿਖਿਆਂ ਵਿਚੋਂ 'ਖੁੱਲ੍ਹੀ' ਸ਼ਬਦ ਦਾ ਸਮਾਨਾਂਤਰ ਸ਼ਬਦ ਕਿਹੜਾ ਹੈ ?**

(1) ਮੋਕਲੀ

(2) ਬੰਦ

(3) ਭੀੜੀ

(4) ਭੰਗੂ

**126. ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :**

(1) ਆਪਣੀ–ਗ਼ਜ਼ਲ

(2) ਬਹਿਰ–ਵਿਚ

(3) ਕਿੰਤੂ–ਪਰੰਤੂ

(4) ਚੀਕ–ਬੁਲਬਲੀ

**127. 'ਪੰਜਾਬੀ ਗ਼ਜ਼ਲ ਪੰਜਾਬੀ ਸਾਹਿਤ ਦਾ ਮਾਣਯੋਗ ਅੰਗ ਬਣ ਚੁੱਕੀ ਹੈ ।' ਇਹ ਵਾਕ ਵਰਤਮਾਨ ਕਾਲ ਦੀ ਕਿਹੜੀ ਕਿਸਮ ਹੈ ?**

(1) ਚਾਲੂ ਵਰਤਮਾਨ–ਕਾਲ

(2) ਸ਼ਰਤੀ ਵਰਤਮਾਨ–ਕਾਲ

(3) ਪੂਰਨ ਵਰਤਮਾਨ–ਕਾਲ

(4) ਪੂਰਨ–ਚਾਲੂ ਵਰਤਮਾਨ–ਕਾਲ

**128. ਅਗ਼ਜ਼ਲ ਗ਼ਜ਼ਲਾਂ ਅਤੇ ਖੁੱਲ੍ਹੀ ਗ਼ਜ਼ਲ ਲਿਖਣ ਦਾ ਨਤੀਜਾ ਕੀ ਹੋਇਆ ?**

(1) ਸ਼ਾਇਰਾਂ ਨੂੰ ਪ੍ਰਸਿੱਧੀ ਮਿਲੀ

(2) ਸ਼ਾਇਰਾਂ ਦੀ ਖਿਲੀ ਉਡੀ

(3) ਸ਼ਾਇਰਾਂ ਨੂੰ ਸਨਮਾਨ ਮਿਲਿਆ

(4) ਸ਼ਾਇਰਾਂ ਨੂੰ ਐਵਾਰਡ ਮਿਲਿਆ

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 ਤੋਂ 135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਇਟਲੀ ਦੇ ਦਾਂਤੇ ਦੀ ਰਚਨਾ 'ਡੀਵਾਈਨ ਕਾਮਡੀ' ਦਾ ਪ੍ਰਭਾਵ ਸਾਰੇ ਯੂਰਪੀਨ ਸਾਹਿਤ ਉੱਤੇ ਮਿਲਦਾ ਹੈ । ਇਹ ਪ੍ਰਭਾਵ ਅੰਗਰੇਜ਼ੀ ਰਾਹੀਂ ਪੰਜਾਬੀ ਤੱਕ ਪੁੱਜਿਆ ਹੈ । ਪੰਜਾਬੀ ਵਿਚ ਇਸ ਦਾ ਪ੍ਰਭਾਵ ਭਾਈ ਵੀਰ ਸਿੰਘ ਉੱਤੇ ਵਧੇਰੇ ਨਜ਼ਰ ਆਉਂਦਾ ਹੈ । ਫ਼ਰਾਂਸੀਸੀ ਦਾਰਸ਼ਨਿਕਾਂ ਅਤੇ ਸਾਹਿਤਕਾਰਾਂ ਦਾ ਪ੍ਰਭਾਵ ਪੰਜਾਬੀ ਉੱਤੇ ਕਾਫੀ ਗੁਣਕਾਰੀ ਰਿਹਾ ਹੈ । ਰੂਸੋ ਦਾ ਮੁੜ ਪ੍ਰਕਿਰਤੀ ਵੱਲ ਦਾ ਨਾਅਰਾ ਪੰਜਾਬੀ ਸਾਹਿਤ ਅਤੇ ਚਿੰਤਨ ਵਿੱਚ ਵੀ ਮਿਲਦਾ ਹੈ । ਵਾਲਟੇਅਰ ਦੀ ਤਰਕਮਈ ਅਤੇ ਫ਼ਰਾਂਸੀਸੀ ਇਨਕਲਾਬ ਦਾ ਕਾਰਨ ਬਣਨ ਵਾਲੀ ਵਿਚਾਰਧਾਰਾ ਪੰਜਾਬੀ ਬੁੱਧੀਜੀਵੀਆਂ ਨੇ ਅਪਨਾ ਲਈ ਹੈ । ਗਲਪਕਾਰਾਂ ਵਿੱਚ ਫ਼ਰਾਂਸੀਸੀ, ਜ਼ੋਲਾਂ, ਬਾਲਜ਼ਾਕ, ਮੋਪਾਸਾਂ, ਵਿਕਟਰ ਹਿਊਗੋ ਆਦਿ ਦੇ ਪ੍ਰਭਾਵ ਪ੍ਰਬਲ ਰੂਪ ਵਿੱਚ ਮਿਲਦੇ ਹਨ । ਜ਼ੋਲਾਂ ਦਾ ਪ੍ਰਕਿਰਤੀਵਾਦੀ ਯਥਾਰਥਵਾਦ ਅਤੇ ਵਿਕਟਰ ਹਿਊਗੋ ਦਾ ਮਾਨਵਵਾਦੀ ਪ੍ਰਭਾਵ ਨਾਨਕ ਸਿੰਘ ਦੀ ਰਚਨਾ ਉਪਰ ਵਧੇਰੇ ਵੇਖਿਆ ਜਾ ਸਕਦਾ ਹੈ । ਬਾਲਜ਼ਾਕ ਅਤੇ ਮੋਪਾਸਾਂ ਦੇ ਨਾਵਲ ਕਹਾਣੀਆਂ ਨੇ ਬਹੁਤ ਸਾਰੇ ਪੰਜਾਬੀ ਗਲਪਕਾਰਾਂ 'ਤੇ ਪ੍ਰਭਾਵ ਪਾਇਆ । ਫ਼ਰਾਂਸੀਸੀ ਨਾਟਕਕਾਰ ਮੋਲੇਅਰ ਦੇ ਹਾਸ ਵਿਅੰਗ ਨੇ ਪੰਜਾਬੀ ਨਾਟਕਕਾਰ ਆਈ.ਸੀ. ਨੰਦਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ।

**129. ਉਪਰੋਕਤ ਪੈਰੇ ਅਨੁਸਾਰ ਜ਼ੋਲਾਂ ਤੇ ਵਿਕਟਰ ਹਿਊਗੋ ਨੇ ਕਿਹੜੇ ਪੰਜਾਬੀ ਲੇਖਕ ਨੂੰ ਪ੍ਰਭਾਵਿਤ ਕੀਤਾ ?**

(1) ਕਰਤਾਰ ਸਿੰਘ ਦੁੱਗਲ ਨੂੰ

(2) ਅੰਮ੍ਰਿਤਾ ਪ੍ਰੀਤਮ ਨੂੰ

(3) ਸੁਰਜੀਤ ਪਾਤਰ ਨੂੰ

(4) ਨਾਨਕ ਸਿੰਘ ਨੂੰ

**130. ਕਿਸ ਦੇ ਹਾਸ-ਵਿਅੰਗ ਨੇ ਨਾਟਕਕਾਰ ਆਈ.ਸੀ. ਨੰਦਾ ਉਪਰ ਅਸਰ ਪਾਇਆ ?**

(1) ਵਟਾਲਟੇਅਰ

(2) ਫ਼ਰਾਂਸੀਸੀ ਨਾਟਕਕਾਰ ਮੋਲੇਅਰ

(3) ਬਾਲਜ਼ਾਕ

(4) ਮੋਪਾਸਾਂ

**131. ਵਾਲਟੇਅਰ ਦਾ ਪ੍ਰਭਾਵ ਕਿਸ ਨੇ ਕਬੂਲਿਆ ?**

(1) ਪਾਕਿਸਤਾਨੀਆਂ ਨੇ

(2) ਫ਼ਰਾਂਸੀਸੀਆਂ ਨੇ

(3) ਪੰਜਾਬੀ ਬੁਧੀਜੀਵਾਆਂ ਨੇ

(4) ਚੀਨੀਆਂ ਨੇ

**132. 'ਪ੍ਰਕਿਰਤੀ' ਸ਼ਬਦ ਦਾ ਸਮਾਨਾਰਥੀ ਸ਼ਬਦ ਚੁਣੋ :**

(1) ਕੁਦਰਤ

(2) ਬਨਾਵਟੀ ਸੰਸਾਰ

(3) ਵਿਅੰਗ

(4) ਪ੍ਰਭਾਵਿਤ

**133. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :**

(1) ਫ਼ਰਾਂਸੀਸੀ ਲੇਖਕ

(2) ਰੂਸੀ ਲੇਖਕ

(3) ਇਟਲੀ ਦੇ ਲੇਖਕ

(4) ਪੰਜਾਬੀ ਲੇਖਕਾਂ ਉੱਪਰ ਵਿਦੇਸ਼ੀ ਪ੍ਰਭਾਵ

**134. ਸਾਹਿਤਕਾਰ ਕਿਸ ਨੂੰ ਆਖਦੇ ਹਨ ?**

(1) ਪ੍ਰੋਫ਼ੈਸਰ ਨੂੰ

(2) ਲੇਖਕ ਨੂੰ

(3) ਅਧਿਆਪਕ ਨੂੰ

(4) ਸਾਜਿਸ਼ਕਾਰ ਨੂੰ

**135. ਕੁਦਰਤ ਵੱਲ ਵਾਪਸ ਜਾਣ ਦਾ ਨਾਹਰਾ ਕਿਸ ਨੇ ਦਿੱਤਾ ਸੀ ?**

(1) ਜੂਲੀਆ ਕ੍ਰਿਸਤੀਵਾ ਨੇ

(2) ਰੂਸੋ ਨੇ

(3) ਪ੍ਰੋ.ਮੋਹਨ ਸਿੰਘ ਨੇ

(4) ਕਰਤਾਰ ਸਿੰਘ ਦੁੱਗਲ ਨੇ

**ਨਿਰਦੇਸ਼ :** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਤ ਹੀ ਢੁੱਕਵੇਂ ਵਿਕਲਪਾਂ ਦੀ ਚੋਣ ਕਰਕੇ ਉੱਤਰ ਦਿਉ :

**136. ਹੇਠ ਲਿਖਿਆਂ ਵਿਚੋਂ ਕੌਣ ਇਕ ਬੱਚੇ ਦੀ ਭਾਸ਼ਾ ਨੂੰ ਗ੍ਰਹਿਣ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ?**

(1) ਅਧਿਆਪਕ

(2) ਪਰਿਵਾਰ

(3) ਸਕੂਲ

(4) ਮੀਡੀਆ

**137. ਵਿਆਕਰਨ ਦੇ ਨੇਮਾਂ ਨੂੰ ਯਾਦ ਕਰਨਾ ਵਿਧੀ ਦਾ ਸਾਰ ਤੱਤ ਹੈ ?**

(1) ਸੰਗਠਿਤ ਪਹੁੰਚ

(2) ਪ੍ਰਤੱਖ ਪਹੁੰਚ

(3) ਵਿਆਕਰਣ ਦੇ ਅਨੁਵਾਦ ਦੀ ਵਿਧੀ

(4) ਪ੍ਰਕਿਰਤਕ ਪਹੁੰਚ

**138. ਹੇਠ ਲਿਖਿਆਂ ਵਿਚੋਂ ਕਿਹੜਾ ਇਕ ਭਾਸ਼ਾ ਦੀ ਸਿਖਲਾਈ ਲਈ ਮਹੱਤਵਪੂਰਨ ਨਹੀਂ ਹੈ ?**

(1) ਪ੍ਰੇਰਣਾ

(2) ਸਵੈ–ਵਿਸ਼ਵਾਸ

(3) ਸਿਖਲਾਈ ਪ੍ਰਤੀ ਰਵੱਈਆ

(4) ਅਨੁਵਾਦ

**139. ਬੱਚਿਆਂ ਨੂੰ ਲਿਖਣਾ ਸਿਖਾਉਣ ਸਮੇਂ ਬਤੌਰ ਅਧਿਆਪਕ ਤੁਸੀਂ ਕੀ ਕਰੋਗੇ ?**

(1) ਬੱਜਿਆਂ ਨੂੰ ਭਾਸ਼ਾ ਦੇ ਅੱਖਰ ਲਿਖਣ ਲਈ ਕਿਹਾ ਜਾਵੇਗਾ ।

(2) ਬੱਚਿਆਂ ਨੂੰ ਆਪਣੇ ਵਿਚਾਰ ਲਿਖਣ ਦਾ ਮੌਕਾ ਦਿੱਤਾ ਜਾਵੇਗਾ ।

(3) ਬੱਚਿਆਂ ਨੂੰ ਪਹਿਲਾਂ ਯਾਦ ਕਰਕੇ ਫਿਰ ਸੁੰਦਰ ਲਿਖਤ ਵਿਚ ਇਕ ਪੈਰਾ ਲਿਖਣ ਲਈ ਕਿਹਾ ਜਾਵੇਗਾ ।

(4) ਬੱਚਿਆਂ ਨੂੰ ਬਲੈਕਬੋਰਡ ਤੋਂ ਅੱਖਰ ਲਿਖਣ ਦਾ ਮੌਕਾ ਦਿੱਤਾ ਜਾਵੇਗਾ ।

140. ਹੇਠ ਲਿਖਿਆਂ ਵਿਚੋਂ ਕਿਹੜਾ ਨੁਕਤਾ ਅਧਿਐਨ ਤੇ ਅਧਿਆਪਨ ਵਿਧੀਆਂ (TLM) ਦੀ ਚੋਣ ਲਈ ਮੱਹਤਵਪੂਰਨ ਹੈ ?

(1) ਇਹ ਨਜ਼ਦੀਕੀ ਬਾਜ਼ਾਰ ਵਿਚ ਉਪਲਬਧ ਹੋਣਾ ਚਾਹੀਦਾ ਹੈ ।

(2) ਇਹ ਬਹੁਤ ਜ਼ਿਆਦਾ ਮਹਿੰਗਾ ਨਹੀਂ ਹੋਣਾ ਚਾਹੀਦਾ ।

(3) ਇਹ ਸਿਰਫ ਵਿਦਿਆਰਥੀਆਂ ਵੱਲੋਂ ਬਣਾਇਆ ਹੋਣਾ ਚਾਹੀਦਾ ਹੈ ।

(4) ਇਹ ਪ੍ਰਸੰਗਕ ਹੋਣਾ ਚਾਹੀਦਾ ਹੈ, ਅਤੇ ਇਸ ਦੀ ਵਰਤੋਂ ਸੰਗਠਿਤ ਢੰਗ ਨਾਲ ਹੋਣੀ ਚਾਹੀਦੀ ਹੈ ।

141. ਦੂਜੀ ਜਮਾਤ ਦੇ ਕੁੱਝ ਵਿਦਿਆਰਥੀਆਂ ਨੂੰ ਕੁੱਝ ਧੁਨੀਆਂ ਦੇ ਉਚਾਰਨ ਵਿਚ ਮੁਸ਼ਕਿਲ ਆਉਂਦੀ ਹੈ । ਹੇਠ ਲਿਖੀਆਂ ਵਿਚੋਂ ਕਿਹੜੀ ਜੁਗਤ ਵਿਦਿਆਰਥੀਆਂ ਦੀ ਮੁਸ਼ਕਿਲ ਦਾ ਹੱਲ ਕਰਨ ਲਈ ਸਭ ਤੋਂ ਵੱਧ ਅਸਰਕਾਰ ਹੋਵੇਗੀ ।

(1) ਮਨੁੱਖੀ ਮੂੰਹ ਦੇ ਇਕ ਮਾਡਲ ਦੀ ਵਰਤੋਂ ਨਾਲ ਇਕ ਧੁਨੀ ਪੈਦਾ ਕਰਨ ਵਿਚ ਸ਼ਾਮਲ ਅੰਗ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ ।

(2) ਜੋੜਿਆਂ ਦੇ ਅਭਿਆਸ ਦੀ ਘੱਟ ਤੋਂ ਘੱਟ ਵਰਤੋਂ ਜਿਵੇਂ ਕਿ ਸ਼ਬਦਾਂ ਦੀ ਤੁਕਬੰਦੀ ਅਤੇ ਉਨ੍ਹਾਂ ਦੇ ਉਚਾਰਨ ਨਾਲ ਸਮੁੱਚੇ ਸ਼ਬਦ ਵਿਚ ਧੁਨੀ ਦੀ ਪਛਾਣ ਕਰਾਉਣੀ ਚਾਹੀਦੀ ਹੈ ।

(3) ਪਾਠ ਨੂੰ ਬੋਲ ਕੇ ਪੜ੍ਹਨਾ ਅਤੇ ਧੁਨੀਆਂ ਦੀ ਵਰਤੋਂ ਉੱਪਰ ਜ਼ੋਰ ਦੇ ਕੇ ਸਪਸ਼ਟ ਕਰਨਾ ।

(4) ਉਨ੍ਹਾਂ ਨੂੰ ਡਰਿੱਲ ਤੇ ਅਭਿਆਸ ਕਾਰਜ ਦੇਣਾ ਤਾਂ ਜੋ ਉਹ ਇਸ ਨੂੰ ਦੁਹਰਾਅ ਕੇ ਮੁਸ਼ਕਿਲ ਉੱਪਰ ਕਾਬੂ ਪਾ ਸਕਣ ।

142. ਅਧਿਆਪਨ ਦੀ ਉਹ ਵਿਧੀ ਜਿਸ ਵਿਚ ਇਸ ਉਪਰ ਅਧਾਰਿਤ ਅਨੇਕਾਂ ਉਦਾਹਰਨਾਂ ਰਾਹੀਂ ਵਿਆਕਰਨ ਦੇ ਨੇਮਾਂ ਉੱਪਰ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ, ਉਹ ਹੈ ______

(1) ਇਨਡਕਟਿਵ ਵਿਧੀ

(2) ਡਿਡਕਟਿਵ ਵਿਧੀ

(3) ਵਿਆਕਰਨ ਦੇ ਅਨੁਵਾਦ ਦੀ ਵਿਧੀ

(4) ਪ੍ਰਤੱਖ ਵਿਧੀ

143. ਸਿਖਿਆਰਥੀ ______ ਭਾਸ਼ਾ ਗ੍ਰਹਿਣ ਕਰਦੇ ਹਨ ।

(1) ਇਕ ਪ੍ਰਕਿਰਤਕ ਪਰਸਪਰ ਮਹੌਲ ਵਿਚ ਭਾਸ਼ਾ ਦੀ ਵਰਤੋਂ ਰਾਹੀਂ

(2) ਭਾਸ਼ਾ ਦੀ ਸੰਰਚਨਾ ਦੇ ਵਿਸ਼ਲੇਸ਼ਣ ਰਾਹੀਂ

(3) ਉਸ ਭਾਸ਼ਾ ਦੇ ਸਾਹਿਤ ਦੀ ਪੜ੍ਹਤ ਰਾਹੀਂ

(4) ਉਸ ਭਾਸ਼ਾ ਦੇ ਬੁਲਾਰਿਆਂ ਦੇ ਸੱਭਿਆਚਾਰ ਬਾਰੇ ਸਿਖਲਾਈ ਰਾਹੀਂ

144. ਹੇਠ ਲਿਖੀਆਂ ਵਿਚੋਂ ਕਿਹੜੀ ਸੁਚੱਜੀ ਮੋਟਰ ਸਕਿਲ ਵਿਕਸਿਤ ਕਰਨ ਦੀ ਇਕ ਮਿਸਾਲ ਹੈ ?

(1) ਚੜ੍ਹਾਈ / Climbing

(2) ਹੋਪਿੰਗ / Hopping

(3) ਲਿਖਣਾ / Writing

(4) ਪੜ੍ਹਨਾ / Reading

**145. ਅਧਿਆਪਕ ਵੱਲੋਂ ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਸ਼ਨ ਪੁੱਛਣ 'ਤੇ ਇਕ ਜਮਾਤ ਵਿਚ ਬਹੁਭਾਸ਼ਾਵਾਦ ਉਤਸ਼ਾਹਤ ਹੁੰਦਾ ਹੈ ?**

(1) ਗੁਬਾਰੇ ਕਿੰਨਾ ਉੱਚਾ ਉੱਡ ਸਕਦੇ ਹਨ ?

(2) ਆਪਣੀ ਭਾਸ਼ਾ ਵਿਚ ਸਬਜ਼ੀਆਂ ਦੇ ਨਾਂ ਲਿਖੋ ।

(3) ਕੀ ਤੁਹਾਡੇ ਕੋਲ ਇਕ ਪਾਲਤੂ ਹੈ ?

(4) ਕੀ ਤੁਸੀਂ ਚਿੱਠੀਆਂ ਲਿਖੀਆਂ ?

**146. ਛੋਟੀਆਂ ਜਮਾਤਾਂ ਵਿਚ ਤੁਕਬੰਦੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਕਿਉਂਕਿ ਉਹ**

(1) ਸਿਖਿਆਰਥੀਆਂ ਨੂੰ ਲਕਸ਼ਿਤ ਭਾਸ਼ਾ ਬੋਲਣ ਕੇ ਮੌਕੇ ਪ੍ਰਦਾਨ ਕਰਦੀਆਂ ਹਨ ।

(2) ਸਿਖਿਆਰਥੀਆਂ ਨੂੰ ਇਕ ਅਨੁਸ਼ਾਸਨ ਵਿਚ ਰੱਖਦੀਆਂ ਹਨ ।

(3) ਸਿਖਿਆਰਥੀਆਂ ਦੀ ਲਕਸ਼ਿਤ ਭਾਸ਼ਾ ਦੀ ਵਿਆਕਰਨ ਨੂੰ ਸਿੱਖਣ ਵਿਚ ਸਹਾਈ ਹੁੰਦੀਆਂ ਹਨ ।

(4) ਸਿਖਿਆਰਥੀਆਂ ਲਈ ਮੁਸ਼ਕਿਲ ਸ਼ਬਦਾਂ ਨੂੰ ਸ਼ਪਸ਼ਟ ਕਰਨ ਅਤੇ ਫਿਰ ਵਾਕ ਬਣਤਰ ਵਿਚ ਸਹਾਈ ਹੁੰਦੀਆਂ ਹਨ ।

**147. ਇਕ ਅਧਿਆਪਕ ਜਮਾਤ ਵਿਚ ਇਕ ਸੁਣਨ-ਅਭਿਆਸ ਕਰਾਉਣ ਦਾ ਫ਼ੈਸਲਾ ਕਰਦਾ ਹੈ । ਸਿਖਿਆਰਥੀ ਤੋਂ ਸੁਣਨ ਲਈ ਉਹ ਕੁੱਝ ਬੁੱਧੀ-ਮੰਥਣ ਅਭਿਆਸ ਜਾਂ ਕਾਰਜ ਦੀ ਯੋਜਨਾ ਬਣਾਉਂਦਾ ਹੈ । ਕੁੱਝ ਪੜਤਾਲੀਆ ਪ੍ਰਸ਼ਨਾਂ ਨਾਲ ਰੁੱਚੀ ਪੈਦਾ ਕਰਕੇ ਚਰਚਾ ਕਰਦਾ ਹੈ । ਇਹ ਤਿਆਰੀਆਂ ______ ਲਈ ਹਨ ।**

(1) ਸੁਣਨ ਤੋਂ ਪਹਿਲਾਂ ਦੇ ਅਭਿਆਸ

(2) ਸੁਣਨ ਸਮੇਂ ਦੇ ਅਭਿਆਸ

(3) ਸੁਣਨ ਉਪਰੰਤ ਦੇ ਅਭਿਆਸ

(4) ਸੁਣਨ ਅਭਿਆਸਾਂ ਨੂੰ ਜਾਰੀ ਰੱਖਣ

**148. ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਦੀ ਜਮਾਤ ਵਿਚ ਤਸਵੀਰਾਂ / ਪੋਸਟਰਾਂ ਦੀ ਵਰਤੋਂ ਬਾਰੇ ਠੀਕ ਨਹੀਂ ਹੈ ?**

(1) ਇਹ ਬੱਚਿਆਂ ਨੂੰ ਤਸਵੀਰਾਂ ਵੱਲ ਧਿਆਨ ਦੇਣ ਦਾ ਇਕ ਮੌਕਾ ਦਿੰਦੀ ਹੈ ।

(2) ਇਹ ਬੱਚਿਆਂ ਨੂੰ ਸਵੈ-ਪ੍ਰਗਟਾਵੇ ਅਤੇ ਤਸਵੀਰਾਂ ਦੇ ਆਧਾਰ ਉੱਪਰ ਲਿਖਣ ਦਾ ਮੌਕਾ ਦਿੰਦੀ ਹੈ ।

(3) ਇਹ ਉਨ੍ਹਾਂ ਨੂੰ ਜਮਾਤ ਵਿਚ ਕਾਲਪਨਿਕ ਸੰਸਾਰ ਅਤੇ ਬੱਚਿਆਂ ਦੀ ਸਿਰਜਾਨਤਮਿਕਤਾ ਵਿਚ ਥਾਂ ਮਹੱਈਆ ਕਰਦੀ ਹੈ ।

(4) ਇਹ ਉਨ੍ਹਾਂ ਨੂੰ ਸੁਣਨ-ਕੌਸ਼ਲ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ।

**149. ਉਭਰਦੀ ਸਾਖ਼ਰਤਾ ਦੀ ਪੱਧਰ ਉੱਤੇ ______ ਲਿਖਤ ਦੇ ਅਧੀਨ ਆਉਂਦਾ ਹੈ ।**

(1) ਅੱਖਰ ਬਣਾਉਣਾ

(2) ਸ਼ਬਦ ਲਿਖਣਾ

(3) ਵਾਕ ਬਣਾਉਣਾ

(4) ਚਿਤਰਕਾਰੀ

**150. ਹੇਠ ਲਿਖਿਆਂ ਵਿਚੋਂ ਕਿਹੜਾ ਸਿਖਿਆਰਥੀਆਂ ਦੀ ਭਾਸ਼ਾ ਦੀ ਵਰਤੋਂ ਦਾ ਮੁਲਾਂਕਣ ਕਰਨ ਵਿਚ ਬਹੁਤ ਮਹੱਤਵਪੂਰਨ ਹੈ ?**

(1) ਚੈੱਕ ਲਿਸਟ

(2) ਰੇਟਿੰਗ ਸਕੇਲ

(3) ਪੋਰਟਫੋਲੀਓ

(4) ਪਰਸਪਰ ਪ੍ਰਭਾਵ / ਇੰਨਟਰੈਕਸ਼ਨ

## SPACE FOR ROUGH WORK

SPACE FOR ROUGH WORK

**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ** :

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ । ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ । ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ । ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ । ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ।
9. ਨਿਰੀਖਿਅਕ ਦੀ ਮੰਗ ’ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ ’ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ । ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

## READ THE FOLLOWING INSTRUCTIONS CAREFULLY:

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***